Submitted by:

Ms. Sukhwinder Kaur
Asstt. Prof. in Punjabi Department

# ਸਵਰ ਧੁਨੀਆਂ ਦੀ ਵਰਤੋਂ ਤੇ ਵਿਆਖਿਆ

ਸਵਰ ਧੁਨੀਆਂ ਖੰਡੀ ਧੁਨੀਆਂ ਦਾ ਪਹਿਲਾ ਤੇ ਮਹੱਤਵਪੂਰਨ ਵਰਗ ਹੈ। ਧੁਨੀਆਂ ਦੀ ਭਾਸ਼ਾਈ ਵਰਤੋਂ ਦੇ ਆਧਾਰ ’ਤੇ ਧੁਨੀਆਂ ਨੂੰ ਦੋ ਵਰਗਾਂ ਵਿਚ ਵੰਡਿਆਂ ਜਾਂਦਾ ਹੈ – ਖੰਡੀ ਅਤੇ ਅਖੰਡੀ ਧੁਨੀਆਂ। ਖੰਡੀ ਧੁਨੀਆਂ ਉਹ ਧੁਨੀਆਂ ਜਿਹੜੀਆਂ ਸੁਤੰਤਰ ਤੌਰ ’ਤੇ ਵਿਚਰ ਸਕਦੀਆਂ ਹਨ। ਜਿਹਨਾਂ ਦਾ ਭੌਤਿਕ ਨਿਰੀਖਣ ਸੰਭਵ ਹੁੰਦਾ ਹੈ ਅਰਥਾਤ ਜਿਹਨਾਂ ਨੂੰ ਅੱਡ-ਅੱਡ ਕਰਕੇ ਵੇਖਿਆ ਜਾ ਸਕਦਾ ਹੈ। ਇਹ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ – ਸਵਰ, ਵਿਅੰਜਨ ਤੇ ਅਰਧ ਸਵਰ ਜਾਂ ਅਰਧ ਵਿਅੰਜਨ।

# ਖੰਡੀ ਧੁਨੀਆਂ

ਸਵਰ

ਵਿਅੰਜਨ

ਅਰਧ ਸਵਰ
ਜਾਂ
ਅਰਧ ਵਿਅੰਜਨ

# ਸਵਰ ਧੁਨੀਆਂ

ਸਵਰ ਧੁਨੀਆਂ ਉਹ ਧੁਨੀਆਂ ਜਿਹਨਾਂ ਦੇ ਉਚਾਰਨ ਵੇਲੇ ਫੇਫੜਿਆਂ ਵਿਚੋਂ ਬਾਹਰ ਨਿਕਲਣ ਵਾਲੀ ਪੌਣਧਾਰਾ ਬੇਰੋਕ-ਟੋਕ ਬਾਹਰ ਨਿਕਲ ਜਾਂਦੀ ਹੈ। ਅਰਥਾਤ ਫੇਫੜਿਆਂ ਵਿਚੋਂ ਬਾਹਰ ਨਿਕਲਣ ਵਾਲੀ ਪੌਣਧਾਰਾ ਨੂੰ ਕਿਸੇ ਵੀ ਉਚਾਰਨ ਸਥਾਨ 'ਤੇ ਵੱਖ-ਵੱਖ ਉਚਾਰਨ ਅੰਗਾਂ ਦੁਆਰਾ ਰੋਕਿਆ ਨਹੀਂ ਜਾਂਦਾ।

## ਪੰਜਾਬੀ ਭਾਸ਼ਾ ਵਿਚ ਸਵਰ ਧੁਨੀਆਂ ਦੀ ਗਿਣਤੀ ਦਸ ਹੈ:

/ਅ/ (ਮੁਕਤਾ) /ਆ/ (ਕੰਨਾ) /ਇ/ (ਸਿਹਾਰੀ)

/ਈ/ (ਬਿਹਾਰੀ) /ਉ/ (ਔਂਕੜ) /ਊ/ (ਦੁਲੈਂਕੜ)

/ਓ/ (ਹੋੜਾ) /ਔ/ (ਕਨੌੜਾ) /ਏ/ (ਲਾਂ)

/ਐ/ (ਦੁਲਾਵਾਂ)

# ਸਵਰ ਧੁਨੀਆਂ ਦਾ ਵਰਗੀਕਰਨ

- ਸਵਰ ਧੁਨੀਆਂ ਦਾ ਵਰਗੀਕਰਨ ਚਾਰ ਅਧਾਰਾਂ ’ਤੇ ਕੀਤਾ ਜਾਂਦਾ ਹੈ:

**ਸਵਰ ਧੁਨੀਆਂ**

**ਜੀਭ ਦੀ ਸਥਿਤੀ**

- ਅਗਲੇ ਸਵਰ
- ਵਿਚਕਾਰਲੇ ਸਵਰ
- ਅੰਤਲੇ ਸਵਰ

**ਜੀਭ ਦੀ ਉਚਾਈ**

- ਉੱਚੇ ਸਵਰ
- ਅੱਧ ਉੱਚੇ ਸਵਰ
- ਵਿਚਕਾਰਲੇ ਸਵਰ
- ਅੱਧ ਨੀਵੇਂ ਸਵਰ
- ਨੀਵੇਂ ਸਵਰ

**ਬੁੱਲ੍ਹਾਂ ਦਾ ਆਕਾਰ**

- ਗੋਲਾਈ ਰਹਿਤ ਸਵਰ
- ਗੋਲਾਈਦਾਰ ਸਵਰ

**ਉਚਾਰਨ ਵਕਫ਼ਾ**

- ਦੀਰਘ ਸਵਰ
- ਲਘੂ ਸਵਰ

# ਸਵਰ ਧੁਨੀਆਂ ਦੇ ਵਰਗੀਕਰਨ ਦਾ ਖ਼ਾਕਾ



# ਸਵਰਾਂ ਦੀ ਵਰਤੋਂ ਤੇ ਵਿਆਖਿਆ

1./ਈ/:ਇਹ ਉੱਚਾ, ਅਰੰਭਲਾ, ਗੋਲਾਈ ਰਹਿਤ ਤੇ ਦੀਰਘ ਸਵਰ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੀ ਛੱਤ ਦੇ ਬਿਲਕੁਲ ਕੋਲ ਚਲੀ ਜਾਂਦੀ ਹੈ ਤੇ ਜੀਭ ਦਾ ਮੁਹਰਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ। ਹੋਂਠ ਚਪਟੇ ਰਹਿੰਦੇ ਹਨ। ਇਸ ਦਾ ਉਚਾਰਨ ਵਕਫ਼ਾ ਜ਼ਿਆਦਾ ਹੁੰਦਾ ਹੈ। ਇਸ ਸਵਰ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
|---|---|---|
| ਈਰਖਾ | ਖੀਰ | ਪਰੀ |
| ਈਦ | ਚੀਰ | ਖਰੀ |

2./ਏ/: ਇਹ ਵਿਚਕਾਰਲਾ, ਅਰੰਭਲਾ, ਗੋਲਾਈ ਰਹਿਤ ਤੇ ਦੀਰਘ ਸਵਰ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੇ ਅੱਧ ਵਿਚਕਾਰ ਹੁੰਦੀ ਹੈ ਤੇ ਜੀਭ ਦਾ ਮੁਹਰਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ। ਹੋਂਠ ਚਪਟੇ ਰਹਿੰਦੇ ਹਨ। ਇਸ ਦਾ ਉਚਾਰਨ ਵਕਫ਼ਾ ਲੰਮਾ ਹੁੰਦਾ ਹੈ। ਇਸ ਸਵਰ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਏਕਤਾ | ਤੇਲ | ਕਤੂਰੇ |
| ਏਡਜ਼ | ਕਰੇਲਾ | ਮਿਲੇ |

/ਐ/: ਇਹ ਅੱਧ ਨੀਵਾਂ, ਅਰੰਭਲਾ, ਗੋਲਾਈ ਰਹਿਤ ਤੇ ਦੀਰਘ ਸਵਰ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੇ ਤਲ ਤੋਂ ਥੋੜ੍ਹਾ ਉੱਪਰ ਹੁੰਦੀ ਹੈ ਅਤੇ ਜੀਭ ਦਾ ਮੁਹਰਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਚਪਟੇ ਹੁੰਦੇ ਹਨ। ਇਸ ਦਾ ਉਚਾਰਨ ਵਕਫ਼ਾ ਜ਼ਿਆਦਾ ਹੁੰਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਐਤਕੀਂ | ਪੈਰ | ਹੈ |
| ਐਤਵਾਰ | ਸੈਰ | ਲੈ |

**/ਇ/:** ਇਹ ਅੱਧ ਉੱਚਾ, ਵਿਚਕਾਰਲਾ, ਗੋਲਾਈ ਰਹਿਤ ਤੇ ਲਘੂ ਸਵਰ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੇ ਅੱਧ ਵਿਚਕਾਰ ਤੋਂ ਥੋੜ੍ਹਾ ਹੁੰਦੀ ਹੈ। ਜੀਭ ਦਾ ਵਿਚਕਾਰਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਚਪਟੇ ਹੁੰਦੇ ਹਨ। ਇਸ ਦਾ ਉਚਾਰਨ ਵਕਫ਼ਾ ਥੋੜ੍ਹਾ ਹੁੰਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
| --- | --- | --- |
| ਇਸ | ਰਹਿਤ | ਬਲਕਿ |
| ਇਹ | ਸਥਿਤ | ਕਿਉਂਕਿ |

/ਉ/: ਇਹ ਅੱਧ ਉੱਚਾ, ਵਿਚਕਾਰਲਾ, ਗੋਲਾਈਦਾਰ ਤੇ ਲਘੂ ਸਵਰ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੇ ਅੱਧ ਵਿਚਕਾਰ ਤੋਂ ਥੋੜ੍ਹਾ ਉੱਪਰ ਹੁੰਦੀ ਹੈ। ਜੀਭ ਦਾ ਵਿਚਕਾਰਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਗੋਲ ਹੁੰਦੇ ਹਨ। ਇਸ ਦਾ ਉਚਾਰਨ ਵਕਫ਼ਾ ਥੋੜ੍ਹਾ ਹੁੰਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਉਦਾਸ | ਚੁਸਤ | ਘਿਉ |
| ਉਸਤਾਦ | ਆਉਂਦਾ | ਪਿਉ |

**/ਅ/:** ਇਹ ਵਿਚਕਾਰਲਾ, ਗੋਲਾਈ ਰਹਿਤ ਤੇ ਲਘੂ ਸਵਰ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੇ ਅੱਧ ਵਿਚਕਾਰ ਵਿੱਚ ਹੁੰਦੀ ਹੈ। ਜੀਭ ਦਾ ਵਿਚਕਾਰਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਚਪਟੇ ਹੁੰਦੇ ਹਨ। ਇਸ ਦਾ ਉਚਾਰਨ ਵਕਫ਼ਾ ਘੱਟ ਹੁੰਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਅਮਰ | ਖ਼ਬਰ | ਡਰਾਅ |
| ਅਨਾਜ | ਸਬਰ | ਖਿਚਾਅ |

/ਆ/: ਇਹ ਵਿਚਕਾਰਲਾ, ਨੀਵਾਂ, ਗੋਲਾਈ ਰਹਿਤ ਤੇ ਦੀਰਘ ਸਵਰ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੇ ਤਲ ਤੇ ਲੱਗੀ ਹੁੰਦੀ ਹੈ। ਜੀਭ ਦਾ ਵਿਚਕਾਰਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਚਪਟੇ ਹੁੰਦੇ ਹਨ। ਇਸ ਦਾ ਉਚਾਰਨ ਸਮਾਂ ਵੱਧ ਲਗਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
|---|---|---|
| ਆਖਰ | ਵਾਕ | ਖਾਰਾ |
| ਆਦਤ | ਕਾਰ | ਕਾਲਾ |

/ਊ/: ਇਹ ਉੱਚਾ, ਅਖੀਰਲਾ, ਗੋਲਾਈਦਾਰ ਤੇ ਦੀਰਘ ਸਵਰ ਹੁੰਦਾ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੀ ਛੱਤ ਦੇ ਬਿਲਕੁਲ ਨੇੜੇ ਚਲੀ ਜਾਂਦੀ ਹੈ। ਜੀਭ ਦਾ ਅੰਤਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਗੋਲ ਹੋ ਜਾਂਦੇ ਹਨ। ਇਸ ਦਾ ਉਚਾਰਨ ਵਕਫ਼ਾ ਵੱਧ ਹੁੰਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| **ਅਰੰਭਲੀ ਸਥਿਤੀ** | **ਵਿਚਕਾਰਲੀ ਸਥਿਤੀ** | **ਅਖੀਰਲੀ ਸਥਿਤੀ** |
|---|---|---|
| ਊਠ | ਖਜੂਰ | ਸ਼ਰਧਾਲੂ |
| ਸੂਰ | ਕਸੂਰ | ਝਗੜਾਲੂ |

/ੳ/: ਇਹ ਵਿਚਕਾਰਲਾ, ਅਖੀਰਲਾ, ਗੋਲਾਈਦਾਰ ਤੇ ਦੀਰਘ ਸਵਰ ਹੁੰਦਾ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਅੱਧ ਵਿਚਕਾਰ ਹੁੰਦੀ ਹੈ। ਜੀਭ ਦਾ ਪਿਛਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਗੋਲਾਈਦਾਰ ਹੋ ਜਾਂਦੇ ਹਨ। ਇਸ ਦਾ ਉਚਾਰਨ ਵਕਫ਼ਾ ਵੱਧ ਹੁੰਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਗੋਲ | ਸਘੋਸ਼ | ਬੋਲੋ |
| ਪੋਲ | ਅਘੋਸ਼ | ਤੋਲੋ |

/ਔ/: ਇਹ ਅੱਧ ਨੀਵਾਂ, ਅਖੀਰਲਾ, ਗੋਲਾਈਦਾਰ, ਤੇ ਦੀਰਘ ਸਵਰ ਹੁੰਦਾ ਹੈ। ਇਸ ਦੇ ਉਚਾਰਨ ਵੇਲੇ ਜੀਭ ਮੂੰਹ ਪੋਲ ਦੇ ਤਲ ਤੋਂ ਥੋੜ੍ਹਾ ਉੱਪਰ ਹੁੰਦੀ ਹੈ। ਜੀਭ ਦਾ ਪਿਛਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਤੇ ਹੋਂਠ ਗੋਲ ਹੋ ਜਾਂਦੇ ਹਨ। ਇਸ ਦਾ ਉਚਾਰਨ ਵਕਫ਼ਾ ਵੱਧ ਹੁੰਦਾ ਹੈ। ਇਸ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ:

| ਅਰੰਭਲੀ ਸਥਿਤੀ | ਵਿਚਕਾਰਲੀ ਸਥਿਤੀ | ਅਖੀਰਲੀ ਸਥਿਤੀ |
|---|---|---|
| ਔਖਾ | ਪਕੌੜਾ | ਜਲੌ |
| ਪੌਣ | ਸੌੜਾ | ਸੌ |

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਵਰ ਧੁਨੀਆਂ ਖੰਡੀ ਧੁਨੀਆਂ ਦਾ ਮੁੱਢਲਾ ਅਤੇ ਮਹੱਤਵਪੂਰਨ ਵਰਗ ਹੈ ਜੋ ਫੇਫੜਿਆਂ ਵਿਚੋਂ ਬਾਹਰ ਨਿਕਲਣ ਵਾਲੀ ਪੌਣਧਾਰਾ ਵਿਚ ਬਿਨਾਂ ਰੁਕਾਵਟ ਪਾਏ ਉਚਾਰਿਆ ਜਾਂਦਾ ਹੈ। ਧੁਨੀਆਂ ਦਾ ਇਹ ਵਰਗ ਸੁਤੰਤਰ ਤੌਰ ’ਤੇ ਵਿਚਰ ਸਕਦਾ ਹੈ ਤੇ ਇਸ ਦਾ ਭੌਤਿਕ ਨਿਰੀਖਣ ਸੰਭਵ ਹੁੰਦਾ ਹੈ। ਉਪਰੋਕਤ ਸਵਰ ਧੁਨੀਆਂ ਵਿਚੋਂ ਦੀਰਘ ਸਵਰਾਂ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀਆਂ ਤਿੰਨਾਂ ਸਥਿਤੀਆਂ ਵਿੱਚ ਹੁੰਦੀ ਹੈ ਤੇ ਲਘੂ ਸਵਰਾਂ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀ ਅਖੀਰਲੀ ਸਥਿਤੀ ਵਿਚ ਨਾ–ਮਾਤਰ ਹੁੰਦੀ ਹੈ।